# ਕਮਜ਼ੋਰ ਇਮਿਊਨੀਟੀ ਵਾਲੇ ਲੋਕਾਂ ਲਈ COVID-19 ਵੈਕਸੀਨ ਰੈਫਰੈਂਸ ਗਾਈਡ

Washington State Department of HEALTH

ਜਿਹਨਾਂ ਲੋਕਾਂ ਦੀ ਇਮਿਊਨੀਟੀ ਕਮਜ਼ੋਰ ਹੈ, ਉਹਨਾਂ ਨੂੰ COVID-19 ਸਮੇਤ ਹੋਰ ਕਈ ਕਿਸਮ ਦੀਆਂ ਬਿਮਾਰੀਆਂ ਹੋਣ ਦਾ ਖ਼ਤਰਾ ਵੀ ਜ਼ਿਆਦਾ ਹੁੰਦਾ ਹੈ।

**ਜੇਕਰ ਤੁਹਾਡੀ ਮੈਡੀਕਲ ਸਥਿਤੀ ਹੇਠ ਲਿਖੀਆਂ ਵਿੱਚੋਂ ਕੋਈ ਹੈ ਤਾਂ ਤੁਹਾਡੀ ਇਮਿਊਨਿਟੀ ਨੂੰ ਦਰਮਿਆਨੇ ਤੋਂ ਗੰਭੀਰ ਰੂਪ ਵਿੱਚ ਕਮਜ਼ੋਰ ਮੰਨਿਆ ਜਾਂਦਾ ਹੈ ਤਾਂ COVID-19 ਵੈਕਸੀਨ ਦੀ ਇੱਕ ਵਾਧੂ ਖੁਰਾਕ ਤੁਹਾਡੇ ਲਈ ਫਾਇਦੇਮੰਦ ਹੋ ਸਕਦੀ ਹੈ।**

**ਇਸ ਵਿੱਚ ਉਹ ਲੋਕ ਸ਼ਾਮਲ ਹਨ:**

- ਜਿਹਨਾਂ ਦਾ ਟਿਊਮਰ ਜਾਂ ਬਲੱਡ ਕੈਂਸਰ ਲਈ ਇਲਾਜ ਚੱਲ ਰਿਹਾ ਹੈ
- ਜਿਹਨਾਂ ਨੇ ਆਪਣੇ ਕਿਸੇ ਅੰਗ ਦਾ ਟ੍ਰਾਂਸਪਲਾਂਟ ਕਰਵਾਇਆ ਹੈ ਅਤੇ ਇਮਿਊਨ ਸਿਸਟਮ ਦੀ ਸ਼ਕਤੀ ਨੂੰ ਘਟਾਉਣ ਲਈ ਦਵਾਈ ਲੈ ਰਹੇ ਹਨ
- ਜਿਹਨਾਂ ਨੇ ਪਿਛਲੇ 2 ਸਾਲਾਂ ਦੇ ਅੰਦਰ ਸਟੈਮ ਸੈਲ ਟ੍ਰਾਂਸਪਲਾਂਟ ਕਰਵਾਇਆ ਹੈ ਜਾਂ ਇਮਿਊਨ ਸਿਸਟਮ ਦੀ ਸ਼ਕਤੀ ਨੂੰ ਘਟਾਉਣ ਲਈ ਦਵਾਈ ਲੈ ਰਹੇ ਹਨ
- ਜਿਹਨਾਂ ਵਿੱਚ ਦਰਮਿਆਨੀ ਜਾਂ ਗੰਭੀਰ ਪ੍ਰਾਇਮਰੀ ਇਮਯੂਨੋਡਫੀਸ਼ੈਂਸੀ ਹੈ (ਜਿਵੇਂ ਕਿ DiGeorge ਸਿੰਡਰੋਮ, Wiskott-Aldrich ਸਿੰਡਰੋਮ)
- ਜਿਹਨਾਂ ਨੂੰ ਐਡਵਾਂਸਡ ਜਾਂ ਇਲਾਜ ਨਾ ਕੀਤੀ ਐੱਚ.ਆਈ.ਵੀ ਦੀ ਬਿਮਾਰੀ ਹੈ
- ਜੋ ਲੋਕ ਉੱਚ-ਖੁਰਾਕ ਵਾਲੇ ਕੋਰਟੀਕੋਸਟੀਰੋਇਡਸ ਜਾਂ ਹੋਰ ਦਵਾਈਆਂ ਦੇ ਨਾਲ ਇਲਾਜ ਪ੍ਰਾਪਤ ਕਰ ਰਹੇ ਹਨ ਜਿਸ ਕਾਰਨ ਸਰੀਰ ਦੀ ਰੋਗ ਪ੍ਰਤੀਰੋਧਕ ਸ਼ਕਤੀ ਘੱਟ ਸਕਦੀ ਹੈ

ਇਸ ਸੂਚੀ ਵਿੱਚ ਕਮਜ਼ੋਰ ਇਮਿਊਨੀਟੀ ਵਾਲੀਆਂ ਸਾਰੀਆਂ ਅਵਸਥਾਵਾਂ ਸ਼ਾਮਲ ਨਹੀਂ ਹਨ। ਵਾਧੂ ਖੁਰਾਕਾਂ ਤੁਹਾਡੇ ਲਈ ਲਾਭਦਾਇਕ ਹੋਣਗੀਆਂ ਜਾਂ ਨਹੀਂ ਇਹ ਜਾਣਨ ਲਈ ਕਿਰਪਾ ਕਰਕੇ ਆਪਣੇ ਡਾਕਟਰ ਨਾਲ ਗੱਲ ਕਰੋ। ਜੇ ਤੁਹਾਡੀ ਇਮਿਊਨੀਟੀ ਕਮਜ਼ੋਰ ਹੈ, ਤਾਂ ਹੇਠਾਂ ਦਿੱਤੇ ਚਾਰਟ ਤੋਂ ਜਾਣੋ ਕਿ COVID-19 ਤੋਂ ਸੁਰੱਖਿਅਤ ਰਹਿਣ ਲਈ ਤੁਸੀਂ ਕਿੰਨੀਆਂ ਖੁਰਾਕਾਂ ਪ੍ਰਾਪਤ ਕਰਨ ਲਈ ਯੋਗ ਹੋ:

| ਜੇ ਤੁਸੀਂ ਇਹ ਵੈਕਸੀਨ ਲਗਵਾਈ ਹੈ... | ਜਿਹੜੇ ਲੋਕਾਂ ਨੇ ਪਹਿਲਾਂ COVID-19 ਵੈਕਸੀਨ ਪ੍ਰਾਪਤ ਕੀਤੀ ਹੈ | ਜਿਹੜੇ ਲੋਕਾਂ ਨੇ ਪਹਿਲਾਂ COVID-19 ਵੈਕਸੀਨ ਪ੍ਰਾਪਤ ਨਹੀਂ ਕੀਤੀ ਹੈ |
|---|---|---|
| **Moderna**<br>(6+ ਮਹੀਨੇ ਦੀ ਉਮਰ) | **ਪਹਿਲਾਂ 1 ਖੁਰਾਕ ਪ੍ਰਾਪਤ ਕੀਤੀ ਹੈ:**<br>**ਪਹਿਲੀ ਖੁਰਾਕ** ਤੋਂ ਘੱਟੋ-ਘੱਟ 4 ਹਫ਼ਤਿਆਂ ਬਾਅਦ 2023-2024 ਦੀ ਅੱਪਡੇਟ ਕੀਤੀ ਵੈਕਸੀਨ ਦੀ ਦੂਜੀ ਖੁਰਾਕ<br>**ਦੂਜੀ ਖੁਰਾਕ** ਤੋਂ ਘੱਟੋ-ਘੱਟ 4 ਹਫ਼ਤਿਆਂ ਬਾਅਦ 2023-2024 ਦੀ ਅੱਪਡੇਟ ਕੀਤੀ ਵੈਕਸੀਨ ਦੀ ਤੀਜੀ ਖੁਰਾਕ | **ਪਹਿਲੀ ਖੁਰਾਕ:** 2023-2024 ਦੀ ਅੱਪਡੇਟ ਕੀਤੀ ਵੈਕਸੀਨ<br>**ਦੂਜੀ ਖੁਰਾਕ:** ਪਹਿਲੀ ਖੁਰਾਕ ਤੋਂ 4 ਹਫ਼ਤਿਆਂ ਬਾਅਦ 2023-2024 ਦੀ ਅੱਪਡੇਟ ਕੀਤੀ ਵੈਕਸੀਨ<br>**ਤੀਜੀ ਖੁਰਾਕ:** ਦੂਜੀ ਖੁਰਾਕ ਤੋਂ 4 ਹਫ਼ਤਿਆਂ ਬਾਅਦ 2023-2024 ਦੀ ਅੱਪਡੇਟ ਕੀਤੀ ਵੈਕਸੀਨ |
| | **ਜੇ ਪਹਿਲਾਂ 2 ਜਾਂ ਵੱਧ ਖੁਰਾਕਾਂ ਪ੍ਰਾਪਤ ਕੀਤੀਆਂ ਹਨ:**<br>**ਆਖਰੀ ਖੁਰਾਕ** ਤੋਂ ਘੱਟੋ-ਘੱਟ 4 ਹਫ਼ਤਿਆਂ ਬਾਅਦ 2023-2024 ਦੀ ਅੱਪਡੇਟ ਕੀਤੀ ਵੈਕਸੀਨ ਦੀ 1 ਖੁਰਾਕ | |
| | **ਜੇ ਪਹਿਲਾਂ 3 ਜਾਂ ਵੱਧ ਖੁਰਾਕਾਂ ਪ੍ਰਾਪਤ ਕੀਤੀਆਂ ਹਨ:**<br>**ਆਖਰੀ ਖੁਰਾਕ** ਤੋਂ ਘੱਟੋ-ਘੱਟ 8 ਹਫ਼ਤਿਆਂ ਬਾਅਦ 2023-2024 ਦੀ ਅੱਪਡੇਟ ਕੀਤੀ ਵੈਕਸੀਨ ਦੀ 1 ਖੁਰਾਕ | |
| **Pfizer**<br>(6+ ਮਹੀਨੇ ਦੀ ਉਮਰ) | **ਪਹਿਲਾਂ 1 ਖੁਰਾਕ ਪ੍ਰਾਪਤ ਕੀਤੀ ਹੈ:**<br>**2023-2024** ਦੀ ਅੱਪਡੇਟ ਕੀਤੀ ਵੈਕਸੀਨ ਦੀ ਦੂਜੀ ਖੁਰਾਕ ਪਹਿਲੀ ਖੁਰਾਕ ਤੋਂ 3 ਹਫ਼ਤਿਆਂ ਬਾਅਦ<br>**2023-2024** ਦੀ ਅੱਪਡੇਟ ਕੀਤੀ ਵੈਕਸੀਨ ਦੀ ਤੀਜੀ ਖੁਰਾਕ<br>6 ਮਹੀਨੇ - 4 ਸਾਲ ਦੇ ਬੱਚਿਆਂ ਲਈ ਦੂਜੀ ਖੁਰਾਕ ਤੋਂ 8 ਹਫ਼ਤਿਆਂ ਬਾਅਦ ਅਤੇ ਹੋਰ ਉਮਰ ਦੇ ਲੋਕਾਂ ਲਈ ਦੂਜੀ ਖੁਰਾਕ ਤੋਂ 4 ਹਫ਼ਤਿਆਂ ਬਾਅਦ | **ਪਹਿਲੀ ਖੁਰਾਕ:** 2023-2024 ਦੀ ਅੱਪਡੇਟ ਕੀਤੀ ਵੈਕਸੀਨ<br>**ਦੂਜੀ ਖੁਰਾਕ:** ਪਹਿਲੀ ਖੁਰਾਕ ਤੋਂ 3-8 ਹਫ਼ਤਿਆਂ ਬਾਅਦ 2023-2024 ਦੀ ਅੱਪਡੇਟ ਕੀਤੀ ਵੈਕਸੀਨ<br>**ਤੀਜੀ ਖੁਰਾਕ:** 6 ਮਹੀਨੇ - 4 ਸਾਲ ਦੇ ਬੱਚਿਆਂ ਲਈ ਦੂਜੀ ਖੁਰਾਕ ਤੋਂ 8 ਹਫ਼ਤਿਆਂ ਬਾਅਦ ਅਤੇ ਹੋਰ ਉਮਰ ਦੇ ਲੋਕਾਂ ਲਈ ਦੂਜੀ ਖੁਰਾਕ ਤੋਂ 4 ਹਫ਼ਤਿਆਂ ਬਾਅਦ 2023-2024 ਦੀ ਅੱਪਡੇਟ ਕੀਤੀ ਵੈਕਸੀਨ |
| | **ਜੇ ਪਹਿਲਾਂ 2 ਜਾਂ ਵੱਧ ਖੁਰਾਕਾਂ ਪ੍ਰਾਪਤ ਕੀਤੀਆਂ ਹਨ:**<br>2023-2024 ਦੀ ਅੱਪਡੇਟ ਕੀਤੀ ਵੈਕਸੀਨ ਦੀ 1 ਖੁਰਾਕ।<br>6 ਮਹੀਨੇ - 4 ਸਾਲ ਦੇ ਬੱਚਿਆਂ ਲਈ ਦੂਜੀ ਖੁਰਾਕ ਤੋਂ 8 ਹਫ਼ਤਿਆਂ ਬਾਅਦ ਅਤੇ ਹੋਰ ਉਮਰ ਦੇ ਲੋਕਾਂ ਲਈ ਦੂਜੀ ਖੁਰਾਕ ਤੋਂ 4 ਹਫ਼ਤਿਆਂ ਬਾਅਦ | |
| | **ਜੇ ਪਹਿਲਾਂ 3 ਜਾਂ ਵੱਧ ਖੁਰਾਕਾਂ ਪ੍ਰਾਪਤ ਕੀਤੀਆਂ ਹਨ:**<br>**2023-2024** ਦੀ ਅੱਪਡੇਟ ਕੀਤੀ ਵੈਕਸੀਨ ਦੀ 1 ਖੁਰਾਕ।<br>ਆਖਰੀ ਖੁਰਾਕ ਤੋਂ 8 ਹਫ਼ਤਿਆਂ ਬਾਅਦ | |
| **Novavax**<br>(12+ ਸਾਲ ਦੀ ਉਮਰ) | **ਪਹਿਲਾਂ 1 ਜਾਂ ਵੱਧ ਖੁਰਾਕਾਂ ਪ੍ਰਾਪਤ ਕੀਤੀਆਂ ਹਨ:**<br>ਆਖਰੀ ਖੁਰਾਕ ਤੋਂ ਘੱਟੋ-ਘੱਟ 8 ਹਫ਼ਤਿਆਂ ਬਾਅਦ 2023-2024 ਦੀ ਅੱਪਡੇਟ ਕੀਤੀ ਵੈਕਸੀਨ ਦੀ 1 ਖੁਰਾਕ | **ਪਹਿਲੀ ਖੁਰਾਕ:** ਅੱਪਡੇਟ ਕੀਤੀ ਵੈਕਸੀਨ<br>**ਦੂਜੀ ਖੁਰਾਕ:** ਪਹਿਲੀ ਖੁਰਾਕ ਤੋਂ 3 ਹਫ਼ਤਿਆਂ ਬਾਅਦ ਅੱਪਡੇਟ ਕੀਤੀ ਵੈਕਸੀਨ |

# ਅਕਸਰ ਪੁੱਛੇ ਜਾਣ ਵਾਲੇ ਸਵਾਲ

## ਕਿਹੜੀਆਂ ਬੁਨਿਆਦੀ ਮੈਡੀਕਲ ਸਥਿਤੀਆਂ ਤੁਹਾਨੂੰ COVID-19 ਕਾਰਨ ਗੰਭੀਰ ਬਿਮਾਰ ਹੋਣ ਦੇ ਵਧੇਰੇ ਜੋਖਮ ਵਿੱਚ ਪਾਉਂਦੀਆਂ ਹਨ?

ਹੇਠਾਂ ਸੂਚੀਬੱਧ ਸਥਿਤੀਆਂ ਵਾਲੇ ਲੋਕਾਂ, ਭਾਵੇਂ ਕਿਸੇ ਵੀ ਉਮਰ ਦੇ ਹੋਣ, ਉਹਨਾਂ ਦੀ COVID-19 ਕਾਰਨ ਗੰਭੀਰ ਰੂਪ ਵਿੱਚ ਬਿਮਾਰ ਹੋਣ ਦੀ ਸੰਭਾਵਨਾ ਵੱਧ ਹੁੰਦੀ ਹੈ।

COVID-19 ਵੈਕਸੀਨ (ਸ਼ੁਰੂਆਤੀ ਅਤੇ ਵਾਧੂ ਖੁਰਾਕਾਂ) ਅਤੇ COVID-19 ਦੀ ਰੋਕਥਾਮ ਦੇ ਹੋਰ ਉਪਾਅ ਜ਼ਰੂਰੀ ਹਨ, ਖਾਸ ਤੌਰ 'ਤੇ ਜੇਕਰ ਤੁਸੀਂ ਬਜ਼ੁਰਗ ਹੋ ਜਾਂ ਤੁਸੀਂ ਇਸ ਸੂਚੀ ਵਿੱਚ ਦਿੱਤੀਆਂ ਸਥਿਤੀਆਂ ਜਾਂ ਸਿਹਤ ਸੰਬੰਧੀ ਗੰਭੀਰ ਸ਼ਿਕਾਇਤਾਂ ਨਾਲ ਪੀੜਤ ਹੋ। ਇਸ ਸੂਚੀ ਵਿੱਚ ਉਹ ਸਾਰੀਆਂ ਸਥਿਤੀਆਂ ਸ਼ਾਮਲ ਨਹੀਂ ਹਨ ਜੋ ਤੁਹਾਨੂੰ COVID-19 ਕਾਰਨ ਗੰਭੀਰ ਰੂਪ ਵਿੱਚ ਬਿਮਾਰ ਹੋਣ ਦੇ ਵਧੇਰੇ ਜੋਖਮ ਵਿੱਚ ਪਾਉਂਦੀਆਂ ਹਨ। ਜੇਕਰ ਤੁਹਾਡੀ ਮੈਡੀਕਲ ਸਥਿਤੀ ਇਸ ਸੂਚੀ ਵਿੱਚ ਸ਼ਾਮਲ ਨਹੀਂ ਹੈ, ਤਾਂ ਆਪਣੇ ਡਾਕਟਰ ਨਾਲ ਇਸ ਬਾਰੇ ਗੱਲ ਕਰੋ ਕਿ ਤੁਹਾਡੀ ਮੈਡੀਕਲ ਸਥਿਤੀ ਨੂੰ ਕਿਵੇਂ ਸੰਭਾਲਿਆ ਜਾ ਸਕਦਾ ਹੈ ਅਤੇ ਤੁਹਾਨੂੰ COVID-19 ਤੋਂ ਕਿਵੇਂ ਸੁਰੱਖਿਅਤ ਰੱਖਿਆ ਜਾ ਸਕਦਾ ਹੈ।

- ਕੈਂਸਰ
- ਪੁਰਾਣੀ ਗੁਰਦੇ ਦੀ ਬਿਮਾਰੀ
- ਪੁਰਾਣੀ ਲੀਵਰ ਦੀ ਬਿਮਾਰੀ
- ਪੁਰਾਣੀਆਂ ਫੇਫੜਿਆਂ ਦੀਆਂ ਬਿਮਾਰੀਆਂ
- ਡਿਮੇਨਸ਼ੀਆ ਜਾਂ ਹੋਰ ਨਿਊਰੋਲਾਜਿਕਲ ਸਥਿਤੀਆਂ
- ਡਾਇਬੀਟੀਜ਼ (ਟਾਈਪ 1 ਜਾਂ 2)
- ਡਾਊਨ ਸਿੰਡਰੋਮ
- ਦਿਲ ਦੇ ਰੋਗ
- ਐੱਚ.ਆਈ.ਵੀ ਇੰਫ਼ੈਕਸ਼ਨ
- ਰੋਗ ਪ੍ਰਤਿਰੋਧਤਾ ਦੀ ਘਾਟ (ਕਮਜ਼ੋਰ ਇਮਿਊਨ ਸਿਸਟਮ)
- ਮਾਨਸਿਕ ਸਿਹਤ ਦੀਆਂ ਸਥਿਤੀਆਂ
- ਵੱਧ ਭਾਰ ਅਤੇ ਮੋਟਾਪਾ
- ਗਰਭ ਅਵਸਥਾ
- ਸਿਕਲ ਸੈੱਲ ਰੋਗ ਜਾਂ ਥੈਲੇਸੀਮੀਆ
- ਤਮਾਕੂਨੋਸ਼ੀ, ਮੌਜੂਦਾ ਜਾਂ ਸਾਬਕਾ
- ਸਰੀਰ ਦੇ ਅੰਗ ਜਾਂ ਬਲੱਡ ਸਟੈਮ ਸੈੱਲ ਦਾ ਟ੍ਰਾਂਸਪਲਾਂਟ
- ਸਟ੍ਰੋਕ ਜਾਂ ਸੈਰਿਬ੍ਰੋਵੈਸਕੁਲਰ ਬਿਮਾਰੀ, ਜੋ ਦਿਮਾਗ ਨੂੰ ਖੂਨ ਦੇ ਪ੍ਰਵਾਹ ਨੂੰ ਪ੍ਰਭਾਵਿਤ ਕਰਦੀ ਹੈ
- ਨਸ਼ੀਲੇ ਪਦਾਰਥਾਂ ਦੀ ਵਰਤੋਂ ਸੰਬੰਧੀ ਵਿਕਾਰ
- ਟਿਊਬਰਕੁਲੋਸਿਸ

## ਜਿਹਨਾਂ ਲੋਕਾਂ ਦੀ ਇਮਿਊਨਿਟੀ ਦਰਮਿਆਨੀ ਜਾਂ ਬਹੁਤ ਹੀ ਕਮਜ਼ੋਰ ਹੁੰਦੀ ਹੈ, ਕੀ ਉਹਨਾਂ ਨੂੰ ਇਹ ਖੁਰਾਕਾਂ ਪ੍ਰਾਪਤ ਕਰਨ ਲਈ ਡਾਕਟਰ ਦੇ ਨੋਟ/ਪਰਚੀ ਜਾਂ ਹੋਰ ਦਸਤਾਵੇਜ਼ਾਂ ਦੀ ਲੋੜ ਪੈਂਦੀ ਹੈ?

ਨਹੀਂ, ਲੋਕ ਸਵੈ-ਇੱਛਾ ਨਾਲ ਅੱਗੇ ਆ ਸਕਦੇ ਹਨ ਅਤੇ ਜਿੱਥੇ ਵੀ ਵੈਕਸੀਨ ਉਪਲਬਧ ਹੈ ਉਥੋਂ ਸਾਰੀਆਂ ਖੁਰਾਕਾਂ ਪ੍ਰਾਪਤ ਕਰ ਸਕਦੇ ਹਨ। ਇਸ ਨਾਲ ਇਹ ਸੁਨਿਸ਼ਚਿਤ ਕਰਨ ਵਿੱਚ ਮਦਦ ਮਿਲੇਗੀ ਕਿ ਵੈਕਸੀਨ ਪ੍ਰਾਪਤ ਕਰਨ ਲਈ ਲੋਕਾਂ ਨੂੰ ਕੋਈ ਰੁਕਾਵਟ ਨਾ ਆਵੇ। ਜੇਕਰ ਕਮਜ਼ੋਰ ਇਮਿਊਨਿਟੀ ਵਾਲੇ ਲੋਕਾਂ ਦੇ ਆਪਣੀ ਮੈਡੀਕਲ ਸਥਿਤੀ ਬਾਰੇ ਕੋਈ ਸਵਾਲ ਹਨ, ਤਾਂ ਉਹ ਆਪਣੇ ਡਾਕਟਰ ਦੇ ਨਾਲ ਗੱਲਬਾਤ ਕਰ ਸਕਦੇ ਹਨ ਕਿ ਵਾਧੂ ਖੁਰਾਕ ਲੈਣਾ ਉਹਨਾਂ ਦੇ ਲਈ ਸਹੀ ਹੈ ਜਾਂ ਨਹੀਂ।

## ਕੀ ਮੈਨੂੰ ਵੈਕਸੀਨ ਲਈ ਭੁਗਤਾਨ ਕਰਨਾ ਪਵੇਗਾ?

COVID-19 ਮਹਾਂਮਾਰੀ ਦੇ ਦੌਰਾਨ, ਯੂ.ਐੱਸ. ਫੈਡਰਲ ਸਰਕਾਰ ਨੇ ਸਾਰੀਆਂ COVID-19 ਵੈਕਸੀਨਾਂ ਖਰੀਦੀਆਂ ਸਨ ਅਤੇ ਜਿਹੜੇ ਵਿਅਕਤੀ ਵੈਕਸੀਨ ਪ੍ਰਾਪਤ ਕਰਨਾ ਚਾਹੁੰਦੇ ਸਨ, ਉਹਨਾਂ ਨੂੰ ਵੈਕਸੀਨਾਂ ਮੁਫ਼ਤ ਵਿੱਚ ਉਪਲਬਧ ਕਰਵਾਈਆਂ ਗਈਆਂ ਸਨ। ਕਿਉਂਕਿ ਹੁਣ COVID-19 ਜਨਤਕ ਸਿਹਤ ਐਮਰਜੈਂਸੀ ਖਤਮ ਹੋ ਗਈ ਹੈ, ਇਸ ਲਈ COVID-19 ਦੀਆਂ ਵੈਕਸੀਨਾਂ ਨੂੰ ਵੀ ਹੋਰ ਵੈਕਸੀਨਾਂ ਵਾਂਗ ਹੀ ਉਪਲਬਧ ਕਰਵਾਏ ਜਾਣ ਦੀ ਉਮੀਦ ਹੈ, ਇਸਦਾ ਮਤਲਬ ਹੈ ਕਿ ਹੁਣ ਕਲੀਨਿਕ ਅਤੇ ਹਸਪਤਾਲ ਇਹਨਾਂ ਵੈਕਸੀਨਾਂ ਨੂੰ ਖਰੀਦਣਗੇ।

ਹੋਰ ਵੈਕਸੀਨਾਂ ਦੀ ਤਰ੍ਹਾਂ, COVID-19 ਦੀਆਂ ਵੈਕਸੀਨਾਂ ਨੂੰ ਸੰਭਾਵਤ ਤੌਰ 'ਤੇ ਜ਼ਿਆਦਾਤਰ ਬੀਮਾ ਪਲਾਨਾਂ ਦੇ ਅਧੀਨ ਕਵਰ ਕੀਤਾ ਜਾਵੇਗਾ। COVID-19 ਦੀਆਂ ਵੈਕਸੀਨਾਂ ਵਾਸ਼ਿੰਗਟਨ ਰਾਜ ਦੇ ਸਾਰੇ ਬੱਚਿਆਂ ਲਈ, ਉਹਨਾਂ ਦੇ 19ਵੇਂ ਜਨਮ ਦਿਨ ਤੱਕ Vaccines for Children (ਬੱਚਿਆਂ ਲਈ ਵੈਕਸੀਨ) ਪ੍ਰੋਗਰਾਮ ਦੇ ਤਹਿਤ ਬਿਨਾਂ ਕਿਸੇ ਲਾਗਤ ਦੇ ਉਪਲਬਧ ਕਰਵਾਈਆਂ ਜਾਣਗੀਆਂ। ਬਾਲਗਾਂ ਲਈ ਵੀ ਅਜਿਹੇ ਪ੍ਰੋਗਰਾਮ ਉਪਲਬਧ ਹਨ ਜੋ ਵੈਕਸੀਨ ਪ੍ਰਾਪਤ ਕਰਨ ਦੇ ਖਰਚਿਆਂ ਨੂੰ ਕਵਰ ਕਰਨ ਵਿੱਚ ਮਦਦ ਕਰ ਸਕਦੇ ਹਨ ਜੇਕਰ ਉਹਨਾਂ ਕੋਲ ਸਿਹਤ ਬੀਮਾ ਨਹੀਂ ਹੈ ਜਾਂ ਉਹਨਾਂ ਦੇ ਪਲਾਨ ਵਿੱਚ ਵੈਕਸੀਨ ਨੂੰ ਕਵਰ ਨਹੀਂ ਕੀਤਾ ਜਾਂਦਾ ਹੈ। Bridge Access Program (ਬ੍ਰਿਜ ਐਕਸੈੱਸ ਪ੍ਰੋਗਰਾਮ) ਅਸਥਾਈ ਤੌਰ 'ਤੇ 19 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਉਹਨਾਂ ਬਾਲਗਾਂ ਨੂੰ ਦਸੰਬਰ 2024 ਤੱਕ, ਮੁਫ਼ਤ ਵਿੱਚ ਅੱਪਡੇਟ ਕੀਤੀਆਂ 2023-2024 COVID-19 ਵੈਕਸੀਨਾਂ ਉਪਲਬਧ ਕਰਵਾਏਗਾ, ਜਿਹਨਾਂ ਕੋਲ ਸਿਹਤ ਬੀਮਾ ਨਹੀਂ ਹੈ ਜਾਂ ਜਿਹਨਾਂ ਦਾ ਬੀਮਾ COVID-19 ਦਾ ਸਾਰਾ ਖਰਚਾ ਕਵਰ ਨਹੀਂ ਕਰਦਾ ਹੈ। ਇਸ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੀ ਫਾਰਮੇਸੀ ਦਾ ਟਿਕਾਣਾ ਲੱਭਣ ਲਈ, www.vaccines.gov 'ਤੇ ਜਾਓ।

**ਕੋਈ ਹੋਰ ਸਵਾਲ ਹੈ? ਇੱਥੇ ਜਾਓ: VaccinateWA.org**

Washington State Department of HEALTH

DOH 825-064 CS December 2023 Punjabi

ਕਿਸੇ ਹੋਰ ਫਾਰਮੈਟ ਵਿੱਚ ਇਸ ਦਸਤਾਵੇਜ਼ ਲਈ ਬੇਨਤੀ ਕਰਨ ਵਾਸਤੇ 1-800-525-0127 'ਤੇ ਕਾਲ ਕਰੋ। ਬਹਿਰੇ ਗਾਹਕ ਜਾਂ ਜਿੰਨ੍ਹਾਂ ਗਾਹਕਾਂ ਨੂੰ ਉੱਚਾ ਸੁਣਦਾ ਹੈ, ਉਹ ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ doh.information@doh.wa.gov 'ਤੇ ਈਮੇਲ ਕਰੋ।